## ਟੈਂਡਰ ਨੋਟਿਸ

ਕਮਿਸ਼ਨਰੇਟ ਅੰਮ੍ਰਿਤਸਰ ਦੀ ਐਮ.ਟੀ.ਬ੍ਰਾਂਚ, ਪੁਲਿਸ ਲਾਈਨ ਦੇ ਸਟੋਰ ਵਿੱਚ ਪਏ ਹੋਏ ਵੱਖ-ਵੱਖ ਕਿਸਮ ਦੀਆਂ ਗੱਡੀਆਂ/ਮੋਟਰਸਾਈਕਲਾਂ ਦੇ ਕੰਡਮ ਟਾਇਰ/ਟਿਊਬ, ਕੰਡਮ ਸਮਾਨ, ਕਾਲਾ ਤੇਲ ਅਤੇ ਖਾਲੀ ਡਰੰਮਾਂ ਨੂੰ ਨਿਲਾਮ ਕੀਤਾ ਜਾਣਾ ਹੈ, ਜਿਨ੍ਹਾ ਦੀ ਰਾਖਵੀ ਕੀਮਤ 202823/-ਰੁਪਏ ਹੈ।ਇਸ ਸਬੰਧੀ ਮੋਹਰਬੰਦ ਟੈਂਡਰ ਮੰਗੇ ਜਾਂਦੇ ਹਨ।ਟੈਂਡਰ ਅਕਾਊਟ ਬ੍ਰਾਂਚ ਵਿੱਚ ਮਿਤੀ 18-11-19 ਤੱਕ ਪੁੱਜ ਜਾਣੇ ਚਾਹੀਦੇ ਹਨ, ਜੋ ਕਿ ਮਿਤੀ 19-11-19 ਨੂੰ ਸਵੇਰੇ 11:00 ਵੱਜੇ ਖੋਲੇ ਜਾਣਗੇ। ਟੈਂਡਰ ਫਾਰਮ ਅੰਮ੍ਰਿਤਸਰ ਸ਼ਹਿਰ ਦੀ ਐਮ.ਟੀ ਬ੍ਰਾਂਚ, ਪੁਲਿਸ ਲਾਈਨ ਵਿੱਚੋ 20/- ਰੁਪਏ ਪ੍ਰਤੀ ਫਾਰਮ ਨਗਦ ਅਦਾਇਗੀ ਕਰਕੇ ਕਿਸੇ ਵੀ ਕਾਰ ਵਿਹਾਰ ਵਾਲੇ ਦਿਨ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਪ੍ਰਾਪਤ ਕੀਤੇ ਜਾ ਸਕਦੇ ਹਨ।ਬੋਲੀਕਾਰ ਵੱਲੋਂ ਟੈਂਡਰ ਫਾਰਮ ਨਾਲ ਉਸ ਵੱਲੋ ਭਰੀ ਗਈ ਰਕਮ ਦਾ 10% ਦੇ ਹਿਸਾਬ ਨਾਲ ਬੈਂਕ ਡਰਾਫਟ ਪੁਲਿਸ ਕਮਿਸ਼ਨਰ, ਅੰਮ੍ਰਿਤਸਰ ਸ਼ਹਿਰ ਦੇ ਹੱਕ ਵਿੱਚ ਬਣਾ ਕੇ ਸ਼ਾਮਲ ਕਰਨਾ ਹੋਵੇਗਾ।ਕਿਸੇ ਕਿਸਮ ਦੀ ਕਟਿੰਗ, ਸੋਧ ਬੋਲੀਕਾਰ ਵੱਲੋ ਆਪਣੇ ਛੋਟੇ ਦਸਤਖਤਾਂ ਨਾਲ ਤਸਦੀਕ ਹੋਣੇ ਜਰੂਰੀ ਹਨ।ਟੈਂਡਰ ਰਾਖਵੀ ਕੀਮਤ ਤੋਂ ਘੱਟ ਹੋਣ ਦੀ ਸੂਰਤ ਵਿੱਚ ਕੈਂਸਲ ਸਮਝਿਆ ਜਾਵੇਗਾ, ਬਾਕੀ ਦੀਆਂ ਸ਼ਰਤਾਂ ਮੌਕੇ ਤੇ ਸੁਣਾਈਆ ਜਾਣਗੀਆਂ।।"ਟੈਂਡਰ ਨੋਟਿਸ ਨਾਲ ਸਬੰਧਤ ਜੇਕਰ ਕੋਈ ਕੋਰੀਜਨਡਮ/ਸੋਧ ਹੋਈ ਤਾਂ ਵਿਭਾਗ ਦੀ ਵੈਬਸਾਈਟ www.amritsarcitypolice.gov.in ਤੇ ਹੀ ਅਪਲੋਡ ਕੀਤੀ ਜਾਵੇਗੀ ਅਤੇ ਵੱਖਰੇ ਤੌਰ ਤੇ ਇਸ ਸੰਬਧੀ ਕੋਈ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ"

ਡਿਪਟੀ ਕਮਿਸ਼ਨਰ,
ਅੰਮ੍ਰਿਤਸਰ।